Punjabi

# ਘਰੇਲੂ ਭਾਸ਼ਾ (Home Language) ਦੀ ਮਹੱਤਤਾ

## ਮਾਪਿਆਂ ਲਈ ਕਿਤਾਬਚਾ



Essex County Council

## ਭਾਸ਼ਾ ਉਨ੍ਹਾਂ ਸਭ ਤੋਂ ਮਹੱਤਵਪੂਰਨ ਤੋਹਫਿਆਂ ਵਿਚੋਂ ਇੱਕ ਹੈ ਜੋ ਤੁਸੀਂ ਆਪਣੇ ਬੱਚੇ ਨੂੰ ਦਿੰਦੇ ਹੋ। ਪਰ ਤੁਸੀਂ ਇਸ ਨੂੰ ਕਿਵੇਂ ਦਿੰਦੇ ਹੋ?


## ਜਵਾਬ ਸਰਲ ਹੈ।

## ਹਰ ਰੋਜ਼ ਘਰ ਵਿਖੇ ਆਪਣੇ ਬੱਚੇ ਨਾਲ ਆਪਣੀ ਭਾਸ਼ਾ ਬੋਲੋ!

ਘਰੇਲੂ ਭਾਸ਼ਾ ਕਿਉਂ ਮਹੱਤਵਪੂਰਨ ਹੈ?

ਜੋ ਭਾਸ਼ਾ ਤੁਸੀਂ ਆਪਣੇ ਬੱਚਿਆਂ ਨਾਲ ਬੋਲਦੇ ਹੋ ਉਹ ਪਹਿਲੀ ਭਾਸ਼ਾ ਹੁੰਦੀ ਹੈ ਜਿਸ ਨੂੰ ਉਹ ਸਿੱਖਣਗੇ। ਇਹ ਉਨ੍ਹਾਂ ਦਾ ਤੁਹਾਡੇ ਨਾਲ, ਬਾਕੀ ਪਰਿਵਾਰ ਦੇ ਨਾਲ ਅਤੇ ਉਨ੍ਹਾਂ ਦੀ ਸੰਸਕ੍ਰਿਤੀ ਅਤੇ ਭਾਈਚਾਰੇ ਨਾਲ ਪਹਿਲਾ ਕਨੈਕਸ਼ਨ ਹੁੰਦਾ ਹੈ।

ਇਹ ਉਹ ਭਾਸ਼ਾ ਹੁੰਦੀ ਹੈ ਜਿਸ ਨੂੰ ਉਹ ਆਪਣੇ ਆਲੇ-ਦੁਆਲੇ ਬਾਰੇ ਸਿੱਖਣ ਲਈ ਪਹਿਲਾਂ ਵਰਤਦੇ ਹਨ। ਇਹ ਉਹ ਭਾਸ਼ਾ ਹੁੰਦੀ ਹੈ ਜੋ ਉਨ੍ਹਾਂ ਨੂੰ "ਜ਼ਿੰਦਗੀ ਲਈ ਸੈੱਟ ਕਰਨ" ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਦੀ ਹੈ – ਅਤੇ ਤੁਸੀਂ ਇਸ ਪ੍ਰਕਿਰਿਆ ਦਾ ਕੇਂਦਰੀ ਭਾਗ ਹੁੰਦੇ ਹੋ! ਇਹ ਬਹੁਤ ਸਾਰੇ ਤਰੀਕਿਆਂ ਵਿਚੋਂ ਇੱਕ ਹੈ ਕਿ ਮਾਪੇ ਬੱਚਿਆਂ ਦੇ ਪਹਿਲੇ ਅਧਿਆਪਕ ਹੁੰਦੇ ਹਨ।



ਆਪਣੀ ਘਰੇਲੂ ਭਾਸ਼ਾ ਨੂੰ ਵਰਤਣ ਦੇ ਕੀ ਫਾਇਦੇ ਹਨ?


ਆਪਣੀ ਘਰੇਲੂ ਭਾਸ਼ਾ ਨੂੰ ਵਰਤਣ ਨਾਲ ਤੁਹਾਡੇ ਬੱਚੇ ਤੁਹਾਡੇ ਪਰਿਵਾਰ ਨਾਲ ਜੁੜਦੇ ਹਨ। ਇਹ ਤੁਹਾਡੀਆਂ ਮਹੱਤਵਪੂਰਨ ਸੰਸਕ੍ਰਿਤਕ ਪਰੰਪਰਾਵਾਂ ਅਤੇ ਉਨ੍ਹਾਂ ਦੋਸਤਾਂ ਅਤੇ ਗੁਆਂਢੀਆਂ ਨਾਲ ਕਨੈਕਸ਼ਨ ਵੀ ਪ੍ਰਦਾਨ ਕਰਦੀ ਹੈ ਜੋ ਇਕੋ ਭਾਸ਼ਾ ਬੋਲਦੇ ਹਨ।

ਆਪਣੀ ਘਰੇਲੂ ਭਾਸ਼ਾ ਨੂੰ ਵਰਤਣਾ ਤੁਹਾਨੂੰ ਤੁਹਾਡੇ ਬੱਚਿਆਂ ਨੂੰ ਸਿਖਾਉਣ ਅਤੇ ਇਕੱਠੇ ਨਵੀਆਂ ਚੀਜ਼ਾਂ ਸਿੱਖਣ ਦੀ ਇਜਾਜ਼ਤ ਦਿੰਦਾ ਹੈ। ਤੁਸੀਂ ਨਵੇਂ ਅਨੁਭਵਾਂ ਅਤੇ ਸ਼ਬਦਾਂ ਬਾਰੇ ਗੱਲ ਕਰ ਸਕਦੇ ਹੋ; ਤੁਸੀਂ ਅੱਖਰਾਂ ਅਤੇ ਨੰਬਰਾਂ ਦਾ ਅਭਿਆਸ ਕਰ ਸਕਦੇ ਹੋ। ਇਹ ਸਾਰੀਆਂ ਚੀਜ਼ਾਂ ਤੁਹਾਡੇ ਬੱਚਿਆਂ ਦੀ ਸ਼ੁਰੂਆਤੀ ਸਿੱਖਲਾਈ ਦਾ ਮਹੱਤਵਪੂਰਨ ਹਿੱਸਾ ਹੁੰਦੀਆਂ ਹਨ – ਅਤੇ ਇਹ ਤੁਹਾਡੇ ਲਈ ਜ਼ਿਆਦਾ ਆਸਾਨ ਅਤੇ ਜ਼ਿਆਦਾ ਮਜ਼ੇਦਾਰ ਹੋਵੇਗਾ ਜੇ ਤੁਸੀਂ ਇਸ ਨੂੰ ਆਪਣੀ ਸਭ ਤੋਂ ਅਰਾਮਦਾਇਕ ਭਾਸ਼ਾ ਵਿੱਚ ਕਰਦੇ ਹੋ।



ਪਰ ਅੰਗ੍ਰੇਜੀ ਬਾਰੇ ਕੀ?

ਯੂਕੇ ਵਿੱਚ ਰਹਿ ਰਹੇ ਬੱਚਿਆਂ ਨੂੰ ਸਕੂਲ ਅਤੇ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਅੰਗ੍ਰੇਜ਼ੀ ਦੀ ਲੋੜ ਹੈ। ਖੁਸ਼ਕਿਸਮਤੀ ਨਾਲ, ਜਵਾਨ ਬੱਚੇ ਆਸਾਨੀ ਨਾਲ ਦੁਭਾਸ਼ੀਏ ਹੋ ਸਕਦੇ ਹਨ। ਇੱਕ ਵਿਅਕਤੀ ਜੋ ਇੱਕ ਤੋਂ ਜ਼ਿਆਦਾ ਭਾਸ਼ਾ ਵਧੀਆ ਬੋਲਦਾ ਹੈ ਉਸ ਕੋਲ ਪੜ੍ਹਣ, ਸਫਰ ਅਤੇ ਕੰਮ ਕਰਨ ਦੇ ਜ਼ਿਆਦਾ ਮੌਕੇ ਹੁੰਦੇ ਹਨ – ਯੂਕੇ ਅਤੇ ਯੂਰਪ/ਵਿਸ਼ਵ ਦੋਵਾਂ ਵਿੱਚ। ਮਹੱਤਵਪੂਰਨ: ਦੁਭਾਸ਼ੀਆ ਹੋਣ ਨਾਲ ਬੱਚਿਆਂ ਨੂੰ ਮਜ਼ਬੂਤ ਸੋਚ ਸ਼ਕਤੀ ਦੇ ਹੁਨਰ ਬਣਾਉਣ ਵਿੱਚ ਵੀ ਮਦਦ ਮਿਲਦੀ ਹੈ ਅਤੇ ਆਮ ਤੌਰ ਤੇ ਨਤੀਜੇ ਵਜੋਂ ਲੰਬੀ



# ਘਰੇਲੂ ਭਾਸ਼ਾ (Home Language) ਦੀ ਮਹੱਤਤਾ

## ਮਾਪਿਆਂ ਲਈ ਕਿਤਾਬਚਾ



ਅਵਧੀ ਵਿੱਚ ਬਿਹਤਰ ਵਿਦਿਅਕ ਗ੍ਰੇਡਸ।

ਜੇ ਮੈਂ ਕੁਝ ਅੰਗ੍ਰੇਜ਼ੀ ਬੋਲਦਾ ਹਾਂ, ਤਾਂ ਕੀ ਮੈਨੂੰ ਇਸ ਨੂੰ ਘਰ ਵਿੱਚ ਵਰਤਣਾ ਚਾਹੀਦਾ ਹੈ?

ਤੁਹਾਨੂੰ ਉਹ ਭਾਸ਼ਾ ਬੋਲਣੀ ਚਾਹੀਦੀ ਹੈ ਜਿਸ ਨਾਲ ਤੁਸੀਂ ਸਭ ਤੋਂ ਜ਼ਿਆਦਾ ਸੁਖਦ ਹੋ। ਜੇ ਤੁਹਾਡੀ ਘਰੇਲੂ ਭਾਸ਼ਾ ਤੁਹਾਡੀ ਅੰਗ੍ਰੇਜ਼ੀ ਨਾਲੋਂ ਮਜ਼ਬੂਤ ਹੈ, ਤਾਂ ਮਜ਼ਬੂਤ ਭਾਸ਼ਾ ਦੇ ਹੁਨਰਾਂ ਨੂੰ ਬਣਾਉਣ ਲਈ ਤੁਹਾਨੂੰ ਆਪਣੇ ਬੱਚਿਆਂ ਦੇ ਨਾਲ ਆਪਣੀ ਘਰੇਲੂ ਭਾਸ਼ਾ ਵਰਤਣੀ ਚਾਹੀਦੀ ਹੈ।

ਕੀ ਮੇਰਾ ਬੱਚਾ ਦੋ ਭਾਸ਼ਾਵਾਂ ਨੂੰ ਵਰਤਣ ਨਾਲ ਉਲਝ ਜਾਵੇਗਾ?

ਜਵਾਨ ਬੱਚੇ ਇਕੋ ਸਮੇਂ ਤੇ ਦੋ ਜਾਂ ਜ਼ਿਆਦਾ ਭਾਸ਼ਾਵਾਂ ਨੂੰ ਵਰਤ ਸਕਦੇ ਹਨ। ਉਹ ਜ਼ਲਦੀ ਸਿੱਖਦੇ ਹਨ ਜਦੋਂ ਉਨ੍ਹਾਂ ਨੂੰ ਬਾਲਗਾਂ ਨਾਲ ਰਹਿਣ ਅਤੇ ਉਨ੍ਹਾਂ ਨੂੰ ਸੁਣਨ ਤੋਂ ਬਹੁਤ ਸਾਰਾ ਅਨੁਭਵ ਮਿਲਦਾ ਹੈ। ਕਈ ਵਾਰ ਬੱਚੇ ਦੋਵਾਂ ਭਾਸ਼ਾਵਾਂ ਦੇ ਸ਼ਬਦਾਂ ਜਾਂ ਵਾਕਾਂ ਨੂੰ ਇਕੱਠਾ ਕਰ ਦੇਣਗੇ। ਇਹ ਠੀਕ ਹੈ! ਇਹ ਇਸ ਤਰ੍ਹਾਂ ਲੱਗ ਸਕਦਾ ਹੈ ਕਿ ਉਹ ਉਲਝ ਗਏ ਹਨ, ਪਰ ਅਸਲ ਵਿੱਚ ਉਹ ਦੋਵੇਂ ਭਾਸ਼ਾਵਾਂ ਤੋਂ ਨਿਯਮਾਂ ਅਤੇ ਸ਼ਬਦਾਵਲੀ ਸਿੱਖ ਰਹੇ ਹੁੰਦੇ ਹਨ ਅਤੇ ਆਪਣੇ ਦਿਮਾਗਾਂ ਵਿੱਚ ਉਨ੍ਹਾਂ ਦਾ ਹੱਲ ਕਰ ਰਹੇ ਹੁੰਦੇ ਹਨ। ਇਹ ਚੰਗੀ ਸਿੱਖਿਆ ਅਤੇ ਸੋਚਣ ਦਾ ਸੰਕੇਤ ਹੈ।

ਮੇਰਾ ਬੱਚਾ ਅੰਗ੍ਰੇਜ਼ੀ ਬੋਲਣ ਨੂੰ ਤਰਜ਼ੀਹ ਦਿੰਦਾ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

ਪਹਿਲਾਂ, ਚਿੰਤਾ ਨਾ ਕਰੋ। ਹੋ ਸਕਦਾ ਹੈ ਤੁਹਾਡਾ ਬੱਚਾ ਅੰਗ੍ਰੇਜ਼ੀ ਨੂੰ ਤਰਜੀਹ ਦਿੰਦਾ ਹੋਵੇ ਕਿਉਂਕਿ ਇਹ ਸਭ ਕੁਝ ਉਸ ਦੇ ਸਾਰੇ ਦੋਸਤ ਬੋਲ ਰਹੇ ਹਨ। ਆਪਣੇ ਬੱਚੇ ਨਾਲ ਭਾਸ਼ਾ ਬਾਰੇ ਗੱਲ ਕਰੋ। ਸਮਝਾਓ ਕਿ ਦੋਵਾਂ ਭਾਸ਼ਾਵਾਂ ਨੂੰ ਸਿੱਖਣਾ ਮਹੱਤਵਪੂਰਨ ਹੈ। ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚਲੇ ਉਨ੍ਹਾਂ ਖਾਸ ਲੋਕਾਂ ਬਾਰੇ ਗੱਲ ਕਰੋ ਜੋ ਤੁਹਾਡੀ ਭਾਸ਼ਾ ਬੋਲਦੇ ਹਨ, ਪਸੰਦੀਦਾ ਰਿਸ਼ਤੇਦਾਰਾਂ ਅਤੇ ਦੋਸਤਾਂ ਸਮੇਤ। ਸਮਝਾਓ ਕਿ ਜੋ ਲੋਕ ਦੁਭਾਸ਼ੀਏ ਹੁੰਦੇ ਹਨ ਉਨ੍ਹਾਂ ਕੋਲ ਦੋਸਤਾਂ ਨੂੰ ਬਣਾਉਣ ਅਤੇ ਨਵੀਆਂ ਸੰਸਕ੍ਰਿਤੀਆਂ ਬਾਰੇ ਸਿੱਖਣ ਦੇ ਜ਼ਿਆਦਾ ਮੌਕੇ ਹੁੰਦੇ ਹਨ।

ਆਪਣੀ ਘਰੇਲੂ ਭਾਸ਼ਾ ਨੂੰ ਕਿਤਾਬਾਂ ਪੜ੍ਹਕੇ, ਗਾਣੇ ਸੁਣਕੇ ਅਤੇ ਇਸ ਵਿੱਚ ਖੇਡਾਂ ਖੇਡਕੇ ਮਜ਼ੇਦਾਰ ਬਣਾਓ; ਅਤੇ ਇਸ ਨੂੰ ਉਦੋਂ ਵਰਤੋਂ ਜਦੋਂ ਤੁਸੀਂ ਕਿਸੇ ਕਿਸਮ ਦੀ ਗਤੀਵਿਧੀ ਵਿੱਚ ਸ਼ਾਮਲ ਹੁੰਦੇ ਹੋ। ਤੁਹਾਡੀ ਭਾਸ਼ਾ ਇੱਕ ਤੋਹਫਾ ਹੈ, ਅਤੇ ਇਸ ਨੂੰ ਬੋਲਣਾ ਤੁਹਾਡੇ ਪਰਿਵਾਰ ਨੂੰ ਜੋੜਕੇ ਰੱਖਦਾ ਹੈ!

ਯਾਦ ਰੱਖੋ ਕਿ ਤੁਹਾਡੇ ਬੱਚਿਆਂ ਨਾਲ ਤੁਹਾਡਾ ਰਿਸ਼ਤਾ ਭਾਸ਼ਾ ਤੇ ਨਿਰਭਰ ਕਰਦਾ ਹੈ। ਜਿਵੇਂ ਜਿਵੇਂ ਉਹ ਵੱਡੇ ਹੁੰਦੇ ਹਨ, ਸੰਚਾਰ ਕਰਨਾ ਹੋਰ ਜ਼ਿਆਦਾ ਮਹੱਤਵਪੂਰਨ ਹੁੰਦਾ ਜਾਵੇਗਾ। ਤੁਹਾਡੀਆਂ ਕਈ ਤਰ੍ਹਾਂ ਦੇ ਵਿਸ਼ਿਆਂ ਤੇ ਗੱਲਾਂ-ਬਾਤਾਂ ਹੋਣਗੀਆਂ। ਇਹ ਤੁਹਾਡੇ ਅਤੇ ਤੁਹਾਡੇ ਬੱਚਿਆਂ ਲਈ ਹੋਰ ਜ਼ਿਆਦਾ ਆਸਾਨ ਅਤੇ ਮਜ਼ੇਦਾਰ ਹੋ ਜਾਵੇਗਾ ਜੇ ਤੁਸੀਂ ਇਕੋ ਭਾਸ਼ਾ ਬੋਲਦੇ ਹੋ।

ਮੈਂ ਘਰ ਵਿੱਚ ਕੀ ਕਰ ਸਕਦਾ ਹਾਂ?

- ਆਪਣੀ ਘਰੇਲੂ ਭਾਸ਼ਾ ਵਿੱਚ ਆਪਣੇ ਬੱਚਿਆਂ ਨਾਲ ਕਹਾਣੀਆਂ ਪੜ੍ਹੋ ਅਤੇ ਸੁਣਾਓ।
- ਉਹ ਕਵਿਤਾਵਾਂ, ਗੀਤ, ਗਾਣੇਅਤੇ ਛੰਦ ਸਾਂਝੇ ਕਰੋ ਜੋ ਤੁਸੀਂ ਇੱਕ ਬੱਚੇ ਹੋਣ ਵਜੋਂ ਸਿੱਖੇ ਸਨ।
- ਆਪਣੀ ਭਾਸ਼ਾ ਵਿੱਚ ਹੋ ਰਹੀਆਂ ਮਜ਼ੇਦਾਰ ਗਤੀਵਿਧੀਆਂ ਲਈ ਦੇਖੋ, ਜਿਵੇਂ ਕਿ ਆਪਣੀ ਸਥਾਨਕ ਲਾਇਬ੍ਰੇਰੀ ਵਿੱਚ ਕਹਾਣੀ ਦਾ ਸਮਾਂ, ਸਥਾਨਕ ਤਿਉਹਾਰ ਅਤੇ ਸੰਸਕ੍ਰਿਤਕ ਪ੍ਰੋਗਰਾਮ।
- ਆਪਣੀ ਨਜ਼ਦੀਕੀ ਜਨਤਕ ਲਾਇਬ੍ਰੇਰੀ ਵਿੱਚ ਦੁਭਾਸ਼ੀਆ ਕਿਤਾਬਾਂ, ਬਿਨਾਂ ਸ਼ਬਦਾਂ ਵਾਲੀਆਂ ਕਿਤਾਬਾਂ, ਜਾਂ ਤੁਹਾਡੀ ਘਰੇਲੂ ਭਾਸ਼ਾ ਵਿੱਚ ਕਿਤਾਬਾਂ।

ਦੋ ਭਾਸ਼ਾਵਾਂ ਵਿੱਚ ਕਹਾਣੀਆਂ

ਸਭ ਤੋਂ ਵਧੀਆ ਚੀਜ਼ਾਂ ਵਿਚੋਂ ਇੱਕ ਜੋ ਤੁਸੀਂ ਕਰ ਸਕਦੇ ਹੋ ਉਹ ਹੈ ਆਪਣੇ ਬੱਚੇ ਨਾਲ ਘਰੇਲੂ ਭਾਸ਼ਾ ਵਿੱਚ ਪੜ੍ਹੋ। ਤੁਹਾਡੀ ਨਜ਼ਦੀਕੀ ਜਨਤਕ ਲਾਇਬ੍ਰੇਰੀ ਵਿੱਚ ਬੱਚਿਆਂ ਲਈ ਕਹਾਣੀਆਂ ਦੀਆਂ ਉਹ ਕਿਤਾਬਾਂ ਹੋ ਸਕਦੀਆਂ ਹਨ ਜਿਨ੍ਹਾਂ ਵਿੱਚ ਅੰਗ੍ਰੇਜ਼ੀ ਅਤੇ ਤੁਹਾਡੀ ਘਰੇਲੂ ਭਾਸ਼ਾ ਦੋਵਾਂ ਵਿੱਚ ਟੈਕਸਟ ਹੁੰਦਾ ਹੈ। ਤੁਹਾਡੇ ਬੱਚੇ ਦੇ ਸਕੂਲ ਵਿੱਚ ਵੀ ਇਨ੍ਹਾਂ ਵਿਚੋਂ ਕੁਝ ਹੋ ਸਕਦੀਆਂ ਹਨ।





